# ਪੰਜਾਬ ਸਕੂਲ ਸਿੱਖਿਆ ਬੋਰਡ

## (ਰਜਿਸਟ੍ਰੇਸ਼ਨ ਸ਼ਾਖਾ)

### ਸੂਚਨਾ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2026-27 ਲਈ ਸਕੂਲਾਂ ਵੱਲੋਂ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ Unified Student Registration Portal ਰਾਹੀਂ ਰਜਿਸਟ੍ਰੇਸ਼ਨ ਕੀਤੀ ਗਈ ਹੈ। ਇਹਨਾਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਲਈ ਫਾਈਨਲ ਸਬਮਿਸ਼ਨ ਅਤੇ ਫੀਸ ਜਮ੍ਹਾਂ ਕਰਵਾਉਣ ਉਪਰੰਤ ਵਿਦਿਆਰਥੀ ਦੇ ਡਾਟੇ ਦੀ authentication ਸਬੰਧੀ Declaration ਨੂੰ ਸਕੂਲ ਮੁਖੀਆਂ ਵੱਲੋਂ e-sign ਕਰਨਾ ਵੀ ਲਾਜ਼ਮੀ ਕੀਤਾ ਗਿਆ ਹੈ ਅਤੇ ਜਿਹਨਾਂ ਸਕੂਲਾਂ ਨੇ ਅਜੇ ਤੱਕ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਡਾਟਾ ਦੀ authentication ਲਈ Declaration ਨੂੰ e-sign ਨਹੀ ਕੀਤਾ ਕੀਤਾ ਗਿਆ ਹੈ, ਅਜਿਹੇ ਸਕੂਲਾਂ ਨੂੰ Declaration ਨੂੰ e-sign ਕਰਨ ਲਈ 15-09-2026 ਤੱਕ ਦਾ ਮੌਕਾ ਦਿੱਤਾ ਜਾਂਦਾ ਹੈ, ਜੇਕਰ ਕਿਸੇ ਸਕੂਲ ਵੱਲੋਂ ਇਸ ਨਿਰਧਾਰਿਤ ਅੰਤਿਮ ਮਿਤੀ 15-09-2026 ਤੱਕ Declaration ਨੂੰ e-sign ਨਹੀ ਕੀਤਾ ਜਾਂਦਾ ਤਾਂ ਉਹਨਾਂ ਸਕੂਲ ਮੁਖੀਆਂ ਨੂੰ ਪ੍ਰਤੀ ਸਕੂਲ 10,000/-ਰੁਪਏ ਜੁਰਮਾਨਾ ਅਦਾ ਕਰਨ ਉਪਰੰਤ ਹੀ e-sign ਕਰਨ ਦਾ ਮੌਕਾ ਦਿੱਤਾ ਜਾਵੇਗਾ। ਦੇਰੀ ਦੀ ਸਮੁੱਚੀ ਜਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ।

ਨੋਟ :-

(1) ਜਿੰਨ੍ਹਾਂ ਸਕੂਲ ਮੁਖੀਆਂ ਵੱਲੋਂ Declaration ਨੂੰ e-sign ਨਹੀ ਕੀਤਾ ਜਾਵੇਗਾ ਉਹਨਾਂ ਸਕੂਲ ਨੂੰ ਵਿਦਿਆਰਥੀਆਂ ਦਾ ਫਾਈਨਲ ਪ੍ਰਿੰਟ ਕੱਢਣ ਦੀ ਆਪਸ਼ਨ ਸ਼ੋਅ ਨਹੀ ਹੋਵੇਗੀ।

(2) ਜੇਕਰ ਸਕੂਲ ਮੁਖੀਆਂ ਵੱਲੋਂ declaration ਨੂੰ E-Sign ਨਹੀ ਕੀਤਾ ਜਾਂਦਾ ਤਾਂ ਬੋਰਡ ਪ੍ਰੀਖਿਆਵਾਂ ਨਾਲ ਸਬੰਧਤ ਸ਼੍ਰੇਣੀਆਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਸਲਾਨਾ ਪ੍ਰੀਖਿਆਵਾਂ ਲਈ ਪ੍ਰੀਖਿਆ ਫਾਰਮ/ਫੀਸ ਜਮ੍ਹਾਂ ਕਰਵਾਉਣ ਲਈ ਡਾਟਾ ਸ਼ੋਅ ਨਹੀ ਹੋਵੇਗਾ।

(3) ਜਿੰਨ੍ਹਾਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ/ਫੀਸ ਜਮ੍ਹਾਂ ਨਹੀ ਹੋਵੇਗੀ, ਉਹਨਾਂ ਸਕੂਲਾਂ ਲਈ ਪ੍ਰੀਖਿਆਵਾਂ ਦਾ ਸੰਚਾਲਨ/ਕੱਟ-ਲਿਸਟ/ਰੋਲ ਨੰਬਰ ਜਾਰੀ ਨਹੀ ਕੀਤੇ ਜਾ ਸਕਣਗੇ । ਜਿਸ ਕਾਰਨ ਉਹ ਵਿਦਿਆਰਥੀ ਮਾਰਚ 2027 ਦੀਆਂ ਸਲਾਨਾ ਪ੍ਰੀਖਿਆਵਾਂ ਦੇਣ ਦੇ ਯੋਗ ਨਹੀ ਹੋਣਗੇ।

(4) ਨੌਵੀਂ ਅਤੇ ਗਿਆਰਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਜਿੰਨ੍ਹਾਂ ਦਾ ਨਤੀਜਾ ਸਕੂਲ ਪੱਧਰ ਤੇ ਦਰਜ਼ / ਅਪਡੇਟ ਕੀਤਾ ਜਾਂਦਾ ਹੈ, ਉਹਨਾਂ ਸਕੂਲਾਂ ਦੇ ਵਿਦਿਆਰਥੀਆਂ ਦਾ ਨਤੀਜਾ ਵੀ ਦਰਜ/ਅਪਡੇਟ ਕਰਨ ਲਈ ਡਾਟਾ ਸ਼ੋਅ ਨਹੀ ਹੋਵੇਗਾ।

ਸੁਪਰਡੰਟ (ਰਜਿ:/ਮਾਈ:)